## Telephone Conversation between Foreign Secretary and Secretary General, European External Action Service, European Union

November 16, 2021

………………………………..

## ਵਿਦੇਸ਼ ਸਕੱਤਰ ਅਤੇ ਯੂਰਪੀਅਨ ਯੂਨੀਅਨ ਦੀ ਯੂਰਪੀਅਨ ਬਾਹਰੀ ਕਾਰਵਾਈ ਸੇਵਾ ਸਕੱਤਰ ਜਨਰਲ ਦਰਮਿਆਨ ਟੈਲੀਫੋਨ 'ਤੇ ਗੱਲਬਾਤ

**16 ਨਵੰਬਰ, 2021**

1. ਵਿਦੇਸ਼ ਸਕੱਤਰ ਸ਼੍ਰੀ ਹਰਸ਼ਵਰਧਨ ਸ਼੍ਰਿੰਗਲਾ ਨੇ ਯੂਰਪੀਅਨ ਯੂਨੀਅਨ ਦੀ ਯੂਰਪੀਅਨ ਬਾਹਰੀ ਕਾਰਵਾਈ ਸੇਵਾ (EEAS) ਦੇ ਸਕੱਤਰ ਜਨਰਲ ਸਟੀਫਾਨੋ ਸਨੀਨੋ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ।

2. ਉਨ੍ਹਾਂ ਨੇ ਅਫਗਾਨਿਸਤਾਨ ਅੰਦਰਲੇ ਘਟਨਾਕ੍ਰਮ ਅਤੇ ਤਰਜੀਹਾਂ ਬਾਰੇ ਭਾਰਤ ਅਤੇ ਯੂਰਪੀਅਨ ਯੂਨੀਅਨ ਦੇ ਸਾਂਝੇ ਨਜ਼ਰੀਏ ਬਾਰੇ ਚਰਚਾ ਕੀਤੀ। ਦੋਵਾਂ ਧਿਰਾਂ ਨੇ ਅਫਗਾਨਿਸਤਾਨ ਨੂੰ ਅੱਤਵਾਦ ਦੇ ਅਧਾਰ ਵਜੋਂ ਵਰਤੇ ਜਾਣ ਤੋਂ ਰੋਕੇ ਜਾਣ ਅਤੇ ਅਫਗਾਨਿਸਤਾਨ ਵਿੱਚ ਔਰਤਾਂ, ਬੱਚਿਆਂ ਅਤੇ ਘੱਟ ਗਿਣਤੀਆਂ ਦੇ ਹੱਕਾਂ ਦੀ ਸਥਿਤੀ 'ਤੇ ਜ਼ੋਰ ਦਿੱਤਾ। ਅਫਗਾਨਿਸਤਾਨ ਦੇ ਮਸਲੇ 'ਤੇ ਹਾਲ ਵਿਚ ਹੋਏ ਦਿੱਲੀ ਖੇਤਰੀ ਸੁਰੱਖਿਆ ਸੰਵਾਦ ਅਤੇ ਇਸ ਦੇ ਦਿੱਲੀ ਐਲਾਨਨਾਮੇ 'ਤੇ ਵੀ ਚਰਚਾ ਕੀਤੀ ਗਈ।

3. ਵਿਦੇਸ਼ ਸਕੱਤਰ ਅਤੇ ਸਕੱਤਰ ਜਨਰਲ ਨੇ ਮਿਆਂਮਾਰ ਅੰਦਰਲੇ ਘਟਨਾਕ੍ਰਮ 'ਤੇ ਵੇ ਵਿਚਾਰ- ਵਟਾਂਦਰਾ ਕੀਤਾ। ਉਨ੍ਹਾਂ ਬੇਲਾਰੂਸ-ਪੋਲੈਂਡ ਸਰਹੱਦ 'ਤੇ ਮੌਜੂਦ ਹਾਲਾਤ ਬਾਰੇ ਵੀ ਚਰਚਾ ਕੀਤੀ। ਦੋਵੇਂ ਧਿਰਾਂ ਸਥਿਤੀ ਨੂੰ ਸੁਖਾਲਾ ਬਣਾਉਣ ਅਤੇ ਇਸਦਾ ਜਲਦੀ ਹੱਲ ਕੱਢਣ ਦੀ ਲੋੜ 'ਤੇ ਸਹਿਮਤ ਹੋਈਆਂ।

4. ਆਪਸੀ ਹਿੱਤਾਂ ਦੇ ਮੁੱਦਿਆਂ 'ਤੇ ਵਿਦੇਸ਼ ਸਕੱਤਰ ਅਤੇ ਸਕੱਤਰ ਜਨਰਲ ਪੱਧਰ 'ਤੇ ਸਮੇਂ-ਸਮੇਂ 'ਤੇ ਵਟਾਂਦਰੇ ਜਾਰੀ ਰੱਖਣ ਉੱਤੇ ਸਹਿਮਤੀ ਪ੍ਰਗਟਾਈ ਗਈ।

ਨਵੀਂ ਦਿੱਲੀ
16 ਨਵੰਬਰ, 2021

DISCLAIMER: This is an approximate translation. The original is available in English on MEA's website and may be referred to as the official press release.